# ਦੂਜੀ ਭਾਵਨਾ (ਗੀਤ)

ਭਿੰਨ-ਭਿੰਨ ਪ੍ਰਕਾਰ ਦੇ ਹਿੱਤਕਾਰੀ ਅਤੇ ਪ੍ਰੇਮ ਦੇ ਪਾਤਰ ਸੱਜਣ ਲੋਕ ਵੀ ਜਦ ਮੌਤ ਦੇ ਮਹਾਸਾਗਰ ਵਿੱਚ ਡੁੱਬਣ ਲੱਗਦੇ ਹਨ ਤਦ ਕੋਈ ਆਪਣਾ ਉਨ੍ਹਾਂ ਨੂੰ ਬਚਾ ਨਹੀਂ ਸਕਦਾ। ਇਸ ਲਈ ਹੇ ਆਤਮਾ, ਤੂੰ ਮੰਗਲਕਾਰੀ ਜੈਨ ਧਰਮ ਦੀ ਸ਼ਰਨ ਸਵੀਕਾਰ ਕਰ ਅਤੇ ਪਵਿੱਤਰ ਚਰਿੱਤਰ ਧਰਮ (ਸਾਧੂ ਦੇ ਮਹਾਵਰਤ ਅਤੇ ਗ੍ਰਹਿਸਥ ਦੇ ਅਣੂਵਰਤ) ਦਾ ਸਿਮਰਨ ਕਰ। ਇਹ ਧਰਮ ਹੀ ਤੈਨੂੰ ਡੁੱਬਣ ਤੋਂ ਬਚਾਵੇਗਾ। - (1)

ਜਿਵੇਂ ਮਗਰਮੱਛ ਛੋਟੀਆਂ ਮੱਛੀਆਂ ਨੂੰ ਵੇਖਦੇ ਹੀ ਫੜ ਲੈਂਦਾ ਹੈ। ਉਸੇ ਪ੍ਰਕਾਰ ਯਮਰਾਜ, ਘੋੜੇ, ਰਥ, ਹਾਥੀ ਅਤੇ ਪੈਦਲ ਸੈਨਾ ਨਾਲ ਸਜੇ ਅਤੇ ਸ਼ਕਤੀ ਵਾਲੇ ਰਾਜਿਆਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦਾ ਹੈ। ਫਿਰ ਉਹ ਰਾਜੇ ਯਮਰਾਜ ਦੇ ਸਾਹਮਣੇ ਕਿੰਨਾ ਵੀ ਗਿੜਗਿੜਾਉਣ ਅਤੇ ਮਿੰਨਤ ਕਰਦੇ ਰਹਿਣ। - (2)

ਮਹਾਂਕਾਲ ਦੇ ਕਾਤਲ ਪੰਜਿਆਂ ਤੋਂ ਬਚਣ ਦੇ ਲਈ ਜੋ ਕੋਈ ਪੱਥਰ ਦੇ ਘਰ ਵਿੱਚ ਛਿਪ ਜਾਂਦਾ ਹੈ ਜਾਂ ਮੂੰਹ ਵਿੱਚ ਤਿਣਕਾ ਦਬਾ ਕੇ ਉਸ ਮਹਾਂਕਾਲ ਦੇ ਸਾਹਮਣੇ ਰਹਿਮ ਦੀ ਭੀਖ ਮੰਗਦਾ ਹੈ, ਫਿਰ ਵੀ ਉਹ ਨਿਰਦਈ ਕਾਲ ਕਿਸੇ ਨੂੰ ਨਹੀਂ ਛੱਡਦਾ। - (3)

ਠੀਕ ਹੈ, ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਮੰਤਰ ਜਪਦੇ ਰਹੋ। ਵਿੱਦਿਆਵਾਂ ਪੜ੍ਹ ਲਵੋ ਜਾਂ ਦਵਾਈਆਂ ਦੀ ਅਜ਼ਮਾਇਸ਼ ਕਰ ਲਵੋ। ਸਰੀਰ ਨੂੰ ਮੋਟਾ-ਤਾਜਾ ਬਣਾ ਕੇ ਰੱਖਣ ਦੇ ਲਈ ਰਸਾਇਣਾਂ ਦਾ ਸੇਵਨ ਕਰਦੇ ਰਹੋ ਪਰ ਯਾਦ ਰੱਖੋ ਕਿ ਮੌਤ ਦੀ ਨਜ਼ਰ ਤੋਂ ਬਚਣਾ ਮੁਮਕਿਨ ਨਹੀਂ॥ - (4)

ਠੀਕ ਹੈ, ਥੋੜੇ ਸਮੇਂ ਦੇ ਲਈ ਪ੍ਰਾਣਾਯਾਮ ਦੇ ਰਾਹੀਂ ਸਾਹ ਨੂੰ ਰੋਕ ਲਿਆ, ਬੰਨ੍ਹ ਲਿਆ, ਸਮੁੰਦਰ ਦੇ ਉਸ ਪਾਰ ਜਾ ਕੇ ਵਸ ਜਾਵੋ, ਪਹਾੜ

ਦੀਆਂ ਚੋਟੀਆਂ 'ਤੇ ਆਪਣਾ ਅੱਡਾ ਬਣਾ ਲਵੇ। ਪਰ ਇੱਕ ਦਿਨ ਤੁਹਾਡਾ ਇਹ ਦੇਹ ਪਿੰਜਰ ਕਮਜ਼ੋਰ ਹੋ ਕੇ ਹੀ ਰਹੇਗਾ। - (5)

ਕਾਲੇ-ਕਾਲੇ ਬੱਦਲ, ਕਾਲੇ ਅਤੇ ਵਿਸ਼ਾਲ ਸੁੰਦਰ ਵਾਲਾਂ ਨਾਲ ਭਰੇ ਹੋਏ ਮੱਥੇ ਨੂੰ ਸੁੰਦਰ ਬਣਾ ਦੇਣ ਵਾਲੇ ਅਤੇ ਖੂਬਸੂਰਤ ਸਰੀਰ ਨੂੰ ਖੁਸ਼ਕ ਤੇ ਸੁਸਤ ਬਣਾ ਦੇਣ ਵਾਲਾ ਬੁਢਾਪੇ ਨੂੰ ਰੋਕਣ ਵਿੱਚ ਕੌਣ ਸਮਰੱਥ ਹੈ ? ਕੋਈ ਨਹੀ। -(6)

ਜਦ ਇਸ ਮਨੁੱਖੀ ਦੇਹ ਵਿੱਚ ਰੋਗ ਨਾ ਠੀਕ ਹੋਣ ਵਾਲੇ ਰੋਗ ਵਿਖਾਈ ਦਿੰਦੇ ਹਨ ਤਦ ਫਿਰ ਇਸ ਨੂੰ ਕੌਣ ਬਚਾ ਸਕਦਾ ਹੈ ? ਕੋਈ ਨਹੀ। ਰਾਹੂ ਦੀ ਪੀੜ ਨੂੰ ਵਿਚਾਰਾ ਚੰਦਰਮਾ ਹੀ ਇਕੱਲਾ ਸਹਿਣ ਕਰਦਾ ਹੈ। ਤੁਹਾਡੀ ਪੀੜ ਤੁਹਾਨੂੰ ਹੀ ਚੱਕਣੀ ਪਵੇਗੀ। ਹੋਰ ਕੋਈ ਹਿੱਸਾ ਵਟਾਉਣ ਤੋਂ ਰਿਹਾ। - (7)

ਬੱਸ, ਹੁਣ ਤਰ੍ਹਾਂ ਜਰਾ ਸੋਚ ਸਮਝ ਕੇ ਹੇ ਆਤਮਾ ! ਦਾਨ ਸ਼ੀਲ ਤਪ ਭਾਵ ਰੂਪੀ ਚਾਰ ਪ੍ਰਕਾਰ ਦੇ ਧਰਮ ਦੀ ਸ਼ਰਣ ਵਿੱਚ ਚਲਾ ਜਾ। ਮੋਹ ਮਾਇਆ ਅਤੇ ਲਗਾਵ ਨੂੰ ਛੱਡ ਦੇ ਅਤੇ ਇਸ ਤਰ੍ਹਾਂ ਮੁਕਤੀ ਸੁੱਖ ਦੇ ਨਾ ਖ਼ਤਮ ਹੋਣ ਵਾਲੇ ਸ਼ਾਂਤ-ਸੁਧਾ ਰਸ ਦਾ ਸਵਾਦ ਚੱਖਿਆ ਕਰ। - (8)

## 3.

# ਸੰਸਾਰ ਭਾਵਨਾ (ਸ਼ਲੋਕ)

ਇਹ ਸੰਸਾਰ ਜਨਮ ਮਰਨ ਰੂਪੀ ਭਿਆਨਕ ਜੰਗਲ ਹੈ। ਜਿਸ ਵਿੱਚ ਹਨ੍ਹੇਰਾ ਪਸਰਿਆ ਹੋਇਆ ਹੈ। ਇਸ ਜੰਗਲ ਦੇ ਵਿੱਚ ਲੋਭ ਦੀ ਅੱਗ ਭੜਕ ਰਹੀ ਹੈ। ਜਿਸ ਨੂੰ ਬੁਝਾਉਣਾ ਅਸੰਭਵ ਹੈ। ਲਾਭ ਪ੍ਰਾਪਤੀ ਦੀਆਂ ਲੱਕੜੀਆਂ ਨਾਲ ਲੋਭ ਦੀ ਅੱਗ ਹੋਰ ਜ਼ਿਆਦਾ ਤੇਜ਼ ਹੋ ਰਹੀ ਹੈ। ਇੱਧਰ ਮ੍ਰਿਗ ਤ੍ਰਿਸ਼ਨਾ ਜਿਹੀ ਵਿਸ਼ਿਆਂ ਦੀ ਇੱਛਾ ਜੀਵਾਂ ਨੂੰ ਹੋਰ ਕਸ਼ਟ ਦੇ ਰਹੀ ਹੈ। ਅਜਿਹੇ ਭਿਅੰਕਰ ਜਨਮ ਮਰਨ ਰੂਪੀ ਜੰਗਲ ਵਿੱਚ ਨਿਸ਼ਚਿੰਤ ਹੋ ਕੇ ਅਰਾਮ ਨਾਲ ਕਿਵੇਂ ਰਿਹਾ ਜਾ ਸਕਦਾ ਹੈ ? - (1)

ਇਸ ਸੰਸਾਰ ਵਿੱਚ ਮਨੁੱਖ ਦੀ ਇੱਕ ਚਿੰਤਾ ਦੂਰ ਹੁੰਦੀ ਹੈ, ਉੱਥੇ ਉਸ ਨਾਲੋਂ ਵੱਧ-ਚੜ੍ਹ ਕੇ ਦੂਸਰੀ ਚਿੰਤਾ ਪੈਦਾ ਹੋ ਜਾਂਦੀ ਹੈ। ਮਨ, ਵਚਨ ਅਤੇ ਸਰੀਰ ਤੋਂ ਲਗਾਤਾਰ ਵਿਕਾਰ ਪੈਦਾ ਹੁੰਦੇ ਹਨ। ਤਮੋ ਗੁਣ ਅਤੇ ਰਜੋ ਗੁਣ ਦੇ ਪ੍ਰਭਾਵ ਨਾਲ ਕਦਮ-ਕਦਮ 'ਤੇ ਸੰਕਟਾਂ ਦੇ ਟੋਏ ਵਿੱਚ ਗਿਰਦੇ ਜੀਵਾਂ ਦਾ ਅੰਤ ਕਿਸ ਤਰ੍ਹਾਂ ਹੋਵੇਗਾ ? - (2)

ਮਾਤਾ ਦੇ ਅਸ਼ੁੱਧ ਪੇਟ ਵਿੱਚ ਆ ਕੇ ਨੌਂ-ਨੌਂ ਮਹੀਨੇ ਤੱਕ ਕਸ਼ਟ ਸਹਿਣ ਕੀਤੇ। ਇਸ ਤੋਂ ਬਾਅਦ ਜਨਮ ਦੀ ਪੀੜਾ ਸਹੀ। ਬੜੇ ਕਸ਼ਟਾਂ ਨੂੰ ਸਹਿੰਦੇ ਹੋਏ ਥੋੜ੍ਹੇ ਅਤੇ ਕਾਲਪਨਿਕ ਸੁੱਖ ਮਿਲਣ 'ਤੇ ਲੱਗਿਆ ਕਿ ਚਲੋਂ ਦੁੱਖਾਂ ਤੋਂ ਛੁਟਕਾਰਾ ਹੋ ਗਿਆ। ਇੰਨੇ ਵਿੱਚ ਤਾਂ ਮੌਤ ਦਾ ਫਰਿਸ਼ਤਾ ਬੁਢਾਪਾ, ਬਿਮਾਰੀ ਲੈ ਕੇ ਆ ਗਿਆ ਅਤੇ ਸਰੀਰ ਬੇਕਾਰ ਹੋ ਜਾਂਦਾ ਹੈ। ਕੀਮਤੀ ਮਨੁੱਖ ਜੀਵਨ ਕੌਡੀ ਦੇ ਮੁੱਲ ਵਿਕ ਕੇ ਵਿਅੱਰਥ ਬੇਕਾਰ ਹੋ ਜਾਂਦਾ ਹੈ। - (3)

ਇਹ ਵਿਚਾਰਾ ਜੀਵ - ਹੋਣੀ ਤੋਂ ਪ੍ਰੇਰਿਤ, ਭਾਰੀ ਕਰਮਾਂ ਦੀ ਰੱਸੀ ਨਾਲ ਬੰਨਿਆ ਹੋਇਆ ਹੈ ਅਤੇ ਮੌਤ ਰੂਪੀ ਬਘ੍ਹੰਗੜੇ ਦੇ ਕੋਲ ਰਹਿੰਦਾ

ਹੋਇਆ ਦਿਸ਼ਾ ਰਹਿਤ ਹੋ ਕੇ ਭਟਕ ਰਿਆ ਹੈ। ਪਿੰਜਰੇ ਵਿੱਚ ਕੈਦ ਪੰਛੀ ਦੀ ਤਰ੍ਹਾਂ ਸਰੀਰਿ ਦੇ ਪਿੰਜਰੇ ਦੀ ਕੈਦ ਵਿੱਚ ਜੀਵ ਆਤਮਾ ਇਸ ਸੰਸਾਰ ਵਿੱਚ ਭ੍ਰਮਣ ਕਰਦਾ ਹੈ। - (4)

ਇਹ ਜੀਵ ਆਤਮਾ, ਸੰਸਾਰ ਦੀਆਂ ਚਾਰ ਗਤੀਆਂ ਅਤੇ ਚੌਰਾਸੀ ਲੱਗ ਜੂਨੀਆਂ ਵਿੱਚ ਭਟਕਦਾ ਹੋਇਆ ਅਨੇਕਾਂ ਦੇਹਾਂ ਨੂੰ ਧਾਰਨ ਕਰਦਾ ਹੈ। ਅਨੰਤ-ਪੁਦਗਲ-ਪ੍ਰਾਵਰਤਕਾਲ (ਅਨਾਦਿ ਜਨਮ ਮਰਨ) ਵਿੱਚ ਅਨੰਤ ਬਾਰ ਭ੍ਰਮਣ ਕਰਦਾ ਹੈ। - (5)

## ਤੀਜੀ ਭਾਵਨਾ (ਗੀਤ)

ਹੇ ਜੀਵ - ਮੋਹ ਦੁਸ਼ਮਣ ਨੇ ਤੈਨੂੰ ਗਲ ਤੋਂ ਫੜ ਕੇ ਕਦਮ-ਕਦਮ 'ਤੇ ਸਤਾਇਆ ਹੈ। ਤੂੰ ਇਸ ਸੰਸਾਰ ਨੂੰ ਜਨਮ-ਮੌਤ ਤੋਂ ਦਰ ਤੋਂ ਘਿਰਿਆ ਹੋਇਆ ਸਮਝ ਅਤੇ ਉਸ ਨੂੰ ਡਰਾਵਣਾ ਮੰਨ। - (1)

ਹੇ ਮੂਰਖ ਜੀਵ, ਆਪਣੇ, ਪਰਾਏ ਅਤੇ ਰਿਸ਼ਤੇਦਾਰਾਂ ਦੇ ਨਾਲ ਤੇਰੇ ਮਿੱਠੇ ਸਬੰਧਾਂ ਦੇ ਬੰਧਨ ਫ਼ਿਜ਼ੂਲ ਹਨ। ਕਦਮ ਕਦਮ 'ਤੇ ਤੈਨੂੰ ਇਸ ਸੰਸਾਰ ਦੇ ਨਵੇਂ-ਨਵੇਂ ਹਾਲਾਤਾਂ ਦੀ ਪ੍ਰੇਸ਼ਾਨੀ ਨਹੀਂ ਉਠਾਉਣਗੀ ਪਵੇਗੀ ? ਕੀ ਪੈਰ ਪੈਰ 'ਤੇ ਤੇਰਾ ਇਹ ਜਨਮ ਖਰਾਬ ਨਹੀਂ ਹੋ ਰਿਹਾ ? ਥੋੜ੍ਹੀ ਜਿਹੀ ਸ਼ਾਂਤੀ ਨਾਲ ਸੋਚ। - (2)

ਕਦੇ ਤੂੰ ਆਪਣੀ ਧਨ ਦੌਲਤ ਦਾ ਹੰਕਾਰ ਕਰਦਾ ਹੈਂ ਤੇ ਕਦੇ ਗ਼ਰੀਬੀ ਦੇ ਚੁੰਗਲ ਵਿੱਚ ਫਸ ਕੇ ਘਬਰਾ ਜਾਂਦਾ ਹੈਂ। ਤੂੰ ਕਰਮਾਂ ਦੇ ਪਰਾਏ ਵਸ ਹੈ। ਇਸ ਲਈ ਤੂੰ ਜਨਮ-ਜਨਮ ਵਿੱਚ ਨਵੇਂ ਨਵੇਂ ਰੂਪ ਰਚਾਉਂਦਾ ਹੈਂ। ਵੱਖ ਵੱਖ ਸਵਾਂਗ ਬਣਾਉਂਦਾ ਹੈਂ। ਸੰਸਾਰ ਦੇ ਰੰਗ-ਮੰਚ 'ਤੇ ਤੂੰ ਇੱਕ ਪਾਤਰ ਹੀ ਹੈਂ। - (3)

ਕਦੇ ਤੇਰਾ ਬਚਪਨ ਦੀ ਮਸਤੀ ਹੈ। ਕਦੇ ਜਵਾਨੀ ਦੇ ਵੇਗਾਂ ਵਿੱਚ ਪਾਗਲ ਹੋ ਕੇ ਤੂੰ ਅਠਖੇਲੀਆਂ ਕਰਦਾ ਹੈਂ। ਕਦੇ ਨਾ ਜਿੱਤਣਯੋਗ ਬੁਢਾਪੇ ਨਾਲ ਤੇਰਾ ਸ਼ਰੀਰ ਖੋਖਲਾ ਹੋ ਢਹਿੰਦਾ ਹੈ ਅਤੇ ਇਸ ਤਰ੍ਹਾਂ ਅੰਤ ਵਿੱਚ ਤੂੰ ਜਮਾਂ ਦੇ ਪੰਜੇ ਵਿੱਚ ਫਸ ਜਾਂਦਾ ਹੈਂ। - (4)

ਇਸ ਸੰਸਾਰ ਵਿੱਚ, ਜਨਮ ਦੇ ਪਰਿਵਰਤਨ ਦੇ ਨਾਲ ਕੋਈ ਪੁੱਤਰ ਪਿਤਾ ਬਣਦਾ ਹੈ, ਪਿਤਾ ਪੁੱਤਰ ਦਾ ਰੂਪ ਲੈਂਦਾ ਹੈ। ਤੂੰ ਇਸ ਸੰਸਾਰ ਦੀ ਸਥਿਤੀ 'ਤੇ ਜਰਾ ਵਿਚਾਰ ਤਾਂ ਕਰ ਅਤੇ ਇਸ ਸੰਸਾਰ ਵਿਚ ਹੋਣ ਵਾਲੇ ਪਾਪਾਂ ਦਾ ਤਿਆਗ ਕਰ। ਹੁਣ ਵੀ ਮਨੁੱਖੀ ਦੇਹ ਰੂਪੀ ਧਨ ਤੇਰੇ ਕੋਲ ਹੈ। ਤੂੰ ਮਿਹਨਤ ਕਰ। - (5)

ਹੇ ਜੀਵ, ਤੂੰ ਜਿਸ ਸੰਸਾਰ ਵਿਚ ਹਰ ਰੋਜ਼ ਤਰ੍ਹਾਂ ਤਰ੍ਹਾਂ ਦੀ ਚਿੰਤਾ, ਦੁੱਖ ਅਤੇ ਬਿਮਾਰੀਆਂ ਦੀਆਂ ਚਿੰਗਾੜੀਆਂ ਵਿੱਚ ਜਲਦਾ ਹੈਂ, ਝੁਲਸਦਾ ਹੈਂ, ਇਸ ਸੰਸਾਰ ਵਿਚ ਤੂੰ ਕਿਉਂ ਫਸਿਆ ਹੋਇਆ ਹੈਂ ? ਪਰ ਤੇਰਾ ਵੀ ਦੋਸ਼ ਕੀ ਹੈ। ਮੋਹ ਰੂਪੀ ਸ਼ਰਾਬ ਤੂੰ ਕਾਫ਼ੀ ਪੀਤੀ ਹੋਈ ਹੈ। ਜਿਸ ਨਾਲ ਤੇਰੀ ਬੁੱਧੀ ਸੁੰਨ ਹੋ ਗਈ ਹੈ। ਇਹ ਬੜੇ ਅਫ਼ਸੋਸ ਦੀ ਗੱਲ ਹੈ। - (6)

ਇਹ ਕਾਲ - ਮਹਾਂਕਾਲ ਇੱਕ ਜਾਦੂਗਰ ਹੈ। ਇਸ ਸੰਸਾਰ ਦੇ ਜੀਵਾਂ ਨੂੰ ਸੁੱਖ ਸਮਗਰੀ ਦੱਸਦਾ ਹੈ। ਲਲਚਾਉਂਦਾ ਹੈ ਅਤੇ ਫਿਰ ਉਹ ਸਾਰੀ ਮਾਇਆ ਜਾਲ ਸਮੇਟ ਕੇ ਲੋਕਾਂ ਨੂੰ ਮਾਸੂਮ ਬੱਚੇ ਦੀ ਤਰ੍ਹਾਂ ਠੱਗਦਾ ਹੈ। ਇਹ ਸੰਸਾਰ ਇਕ ਇੰਦਰਜਾਲ ਦੀ ਮਾਇਆ ਤੋਂ ਇਲਾਵਾ ਕੁਝ ਨਹੀਂ। - (7)

ਹੇ ਆਤਮਾ - ਤੂੰ ਆਪਣੇ ਜਿਨ ਵਚਨਾਂ ਦਾ ਚਿੰਤਨ ਕਰੋ। ਇਹ ਜਿਨ ਵਚਨ ਹੀ ਸੰਸਾਰ ਦੇ ਸਾਰੇ ਦੁੱਖਾਂ ਦਾ ਨਾਸ਼ ਕਰਨਗੇ। ਸ਼ਾਂਤ ਰਸ ਅੰਮ੍ਰਿਤਪਾਨ ਕਰਕੇ ਤੂੰ ਮੁਕਤੀ ਦਾ ਪਾਤਰੀ ਬਣ ਸਕੇਂਗਾ। ਇਹ ਮੁਕਤੀ